AUSTRALIAN COMMISSION
ON SAFETY AND QUALITY IN HEALTH CARE

# Open disclosure (ਖੁੱਲ੍ਹੇ ਖੁਲਾਸੇ) ਵਿਚਾਰ-ਵਟਾਂਦਰੇ ਦੀ ਤਿਆਰੀ ਕਰਨੀ ਅਤੇ ਇਸ ਵਿੱਚ ਭਾਗ ਲੈਣਾ

**ਜਾਣਕਾਰੀ**
ਖਪਤਕਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਲਈ

## ਖੁੱਲ੍ਹਾ ਖੁਲਾਸਾ ਕੀ ਹੈ?

ਹਰ ਰੋਜ਼ ਹਜ਼ਾਰਾਂ ਲੋਕ ਸਿਹਤ ਸਹੂਲਤਾਂ ਪ੍ਰਾਪਤ ਕਰਦੇ ਹਨ। ਕਈ ਵਾਰ ਚੀਜ਼ਾਂ ਗਲਤ ਹੋ ਜਾਂਦੀਆਂ ਹਨ, ਜੋ ਤੁਹਾਨੂੰ ਜਾਂ ਕਿਸੇ ਅਜਿਹੇ ਵਿਅਕਤੀ ਨੂੰ ਅਣਜਾਣੇ ਵਿੱਚ ਨੁਕਸਾਨ ਪਹੁੰਚਾਉਂਦੀਆਂ ਹਨ ਜਿਸਦੀ ਤੁਸੀਂ ਦੇਖਭਾਲ ਕਰ ਰਹੇ ਹੁੰਦੇ ਹੋ। ਸਿਹਤ ਸੰਭਾਲ ਵਿੱਚ, ਇਸਨੂੰ **ਘਟਨਾ** ਹੋਣ ਵਜੋਂ ਜਾਣਿਆ ਜਾਂਦਾ ਹੈ। ਤੁਹਾਡੇ ਸਿਹਤ ਸੰਭਾਲ ਪ੍ਰਦਾਤਾ (ਜਿਵੇਂ ਕਿ ਡਾਕਟਰ ਜਾਂ ਨਰਸ) ਨੂੰ ਜਿੰਨੀ ਛੇਤੀ ਹੋ ਸਕੇ ਇਸ ਬਾਰੇ ਤੁਹਾਡੇ ਨਾਲ ਗੱਲ ਕਰਨੀ ਚਾਹੀਦੀ ਹੈ।

**Open disclosure (ਖੁੱਲ੍ਹਾ ਖੁਲਾਸਾ)** ਤੁਹਾਡੇ ਨਾਲ, ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਅਤੇ ਉਨ੍ਹਾਂ ਲੋਕਾਂ ਨਾਲ ਚਰਚਾ ਹੈ ਜਿਨ੍ਹਾਂ ਨੂੰ ਤੁਸੀਂ ਕਿਸੇ ਅਜਿਹੀ ਘਟਨਾ ਬਾਰੇ ਤੁਹਾਡੀ ਸਹਾਇਤਾ ਕਰਨ ਲਈ ਚੁਣ ਸਕਦੇ ਹੋ (ਜਿਵੇਂ ਕਿ ਤੁਹਾਡਾ ਪਰਿਵਾਰ, ਦੇਖਭਾਲ ਕਰਨ ਵਾਲਾ ਜਾਂ ਦੋਸਤ) ਜਿਸ ਨਾਲ ਸਿਹਤ ਦੇਖਭਾਲ ਪ੍ਰਾਪਤ ਕਰਦੇ ਸਮੇਂ ਨੁਕਸਾਨ ਹੋਇਆ ਹੋਵੇ।

Open disclosure (ਖੁੱਲ੍ਹੇ ਖੁਲਾਸੇ) ਵਿੱਚ ਸ਼ਾਮਲ ਹਨ:

- ਜੋ ਗਲਤ ਹੋਇਆ ਉਸ ਲਈ ਤੁਹਾਡੇ ਤੋਂ ਮੁਆਫ਼ੀ ਮੰਗਣਾ
- ਗਿਆਤ ਤੱਥਾਂ ਬਾਰੇ ਸਮਝਾਵੇ
- ਤੁਹਾਡੇ ਤਜ਼ਰਬੇ ਨੂੰ ਸੁਣਨਾ
- ਇਹ ਸਮਝਾਉਣਾ ਕਿ ਇਹ ਤੁਹਾਨੂੰ ਅਤੇ ਤੁਹਾਡੀ ਦੇਖਭਾਲ ਨੂੰ ਕਿਵੇਂ ਪ੍ਰਭਾਵਿਤ ਕਰ ਸਕਦਾ ਹੈ
- ਇਸ ਨੂੰ ਦੁਬਾਰਾ ਵਾਪਰਨ ਤੋਂ ਰੋਕਣ ਲਈ ਚੁੱਕੇ ਜਾ ਰਹੇ ਕਦਮਾਂ ਬਾਰੇ ਦੱਸਣਾ।

ਖੁੱਲ੍ਹਾ ਖੁਲਾਸਾ, ਇੱਕ ਜਾਂ ਵਧੇਰੇ ਵਾਰ ਵਿਚਾਰ-ਵਟਾਂਦਰੇ ਕੀਤੇ ਜਾਣ ਵਿੱਚ ਹੋ ਸਕਦਾ ਹੈ।

## Open disclosure (ਖੁੱਲ੍ਹਾ ਖੁਲਾਸਾ) ਅਤੇ ਤੁਹਾਡੇ ਸਿਹਤ ਸੰਭਾਲ ਅਧਿਕਾਰ

**Australian Charter of Healthcare Rights (ਸਿਹਤ ਸੰਭਾਲ ਅਧਿਕਾਰਾਂ ਬਾਰੇ ਆਸਟ੍ਰੇਲੀਅਨ ਚਾਰਟਰ),** open disclosure (ਖੁੱਲ੍ਹੇ ਖੁਲਾਸੇ) ਦੌਰਾਨ ਤੁਹਾਡੇ ਅਧਿਕਾਰਾਂ ਦੀ ਵਿਆਖਿਆ ਕਰਦਾ ਹੈ।

ਇਸ ਵਿੱਚ ਇਹ ਅਧਿਕਾਰ ਸ਼ਾਮਲ ਹਨ:

- ਦੱਸਿਆ ਜਾਵੇ ਕਿ ਤੁਹਾਡੀ ਸਿਹਤ ਦੇਖਭਾਲ ਵਿੱਚ ਕੀ ਗਲਤ ਹੋਇਆ, ਇਹ ਕਿਵੇਂ ਹੋਇਆ, ਇਹ ਤੁਹਾਨੂੰ ਕਿਵੇਂ ਪ੍ਰਭਾਵਤ ਕਰ ਸਕਦਾ ਹੈ ਅਤੇ ਤੁਹਾਡੀ ਦੇਖਭਾਲ ਨੂੰ ਸੁਰੱਖਿਅਤ ਬਣਾਉਣ ਲਈ ਕੀ ਕੀਤਾ ਜਾ ਰਿਹਾ ਹੈ
- ਦੇਖਭਾਲ ਅਤੇ ਸਿਹਤ ਸੇਵਾਵਾਂ ਦੀ ਗੁਣਵੱਤਾ ਨੂੰ ਬਿਹਤਰ ਬਣਾਉਣ ਲਈ ਆਪਣੇ ਅਨੁਭਵ ਨੂੰ ਸਾਂਝਾ ਕਰਨ ਅਤੇ ਭਾਗ ਲੈਣ ਦਾ ਅਧਿਕਾਰ
- ਪ੍ਰਸ਼ਨ ਪੁੱਛਣ ਅਤੇ ਖੁੱਲ੍ਹੇ ਅਤੇ ਇਮਾਨਦਾਰ ਗੱਲਬਾਤ-ਸੰਚਾਰ ਵਿੱਚ ਸ਼ਾਮਲ ਹੋਣ ਦਾ ਅਧਿਕਾਰ
- ਤੁਹਾਡੇ ਨਾਲ ਪੇਸ਼ ਆਉਣ ਦੇ ਤਰੀਕੇ ਨੂੰ ਬਿਨਾਂ ਪ੍ਰਭਾਵਿਤ ਕੀਤੇ ਫੀਡਬੈਕ ਦੇਣ ਜਾਂ ਸ਼ਿਕਾਇਤ ਕਰਨ ਦਾ ਅਧਿਕਾਰ

## ਤੁਸੀਂ ਕਿਹੜੀ ਸਹਾਇਤਾ ਪ੍ਰਾਪਤ ਕਰ ਸਕਦੇ ਹੋ?

ਤੁਹਾਨੂੰ ਖੁੱਲ੍ਹੇ ਖੁਲਾਸੇ (Open disclosure) ਦੌਰਾਨ ਲੋੜੀਂਦੀ ਸਹਾਇਤਾ ਤੱਕ ਪਹੁੰਚ ਕਰਨ ਦਾ ਅਧਿਕਾਰ ਹੈ। ਇਸ ਵਿੱਚ ਸ਼ਾਮਲ ਹੋ ਸਕਦੇ ਹਨ:

- ਅਨੁਵਾਦਕ
- ਦੁਭਾਸ਼ੀਏ
- ਸਵਦੇਸ਼ੀ ਸੰਪਰਕ ਅਧਿਕਾਰੀ
- ਸਲਾਹਕਾਰ
- ਸਿਖਲਾਈ ਪ੍ਰਾਪਤ ਮਰੀਜ਼ ਸਹਾਇਤਾ ਲੋਕ ਜਿਵੇਂ ਕਿ ਖਪਤਕਾਰ ਪ੍ਰਤੀਨਿਧੀ, ਸਹਿ-ਕਾਮੇ (ਪੀਅਰ ਵਰਕਰ), ਸਮਾਜ ਸੇਵਕ ਜਾਂ ਵਕੀਲ
- ਆਵਾਜਾਈ, ਭੋਜਨ, ਜਾਂ ਪਾਰਕਿੰਗ ਵਰਗੀਆਂ ਚੀਜ਼ਾਂ ਲਈ ਆਪਣੀ ਜੇਬ ਵਿੱਚੋਂ ਕੀਤੇ ਖ਼ਰਚਿਆਂ ਦਾ ਭੁਗਤਾਨ।

**ਅਨੁਵਾਦ ਅਤੇ ਦੋਭਾਸ਼ੀਆ ਸੇਵਾਵਾਂ 24 ਘੰਟੇ 7 ਦਿਨ ਉਪਲੱਬਧ ਹਨ : ਫ਼ੋਨ 131 450 ।**

10/2021

AUSTRALIAN COMMISSION ON SAFETY AND QUALITY IN HEALTH CARE

# ਖੁੱਲ੍ਹੇ ਖੁਲਾਸੇ (Open disclosure) ਦੀ ਪ੍ਰਕਿਰਿਆ ਤੋਂ ਤੁਸੀਂ ਕੀ ਉਮੀਦ ਕਰ ਸਕਦੇ ਹੋ?

ਖੁੱਲ੍ਹੇ ਖੁਲਾਸੇ (Open disclosure) ਦੀ ਪ੍ਰਕਿਰਿਆ ਹੇਠਾਂ ਦੱਸੀ ਗਈ ਹੈ। ਤੁਹਾਡੇ ਦੁਆਰਾ ਅਨੁਭਵ ਕੀਤੇ ਗਏ ਨੁਕਸਾਨ ਦੀ ਗੰਭੀਰਤਾ, ਤੁਹਾਡੇ ਹਾਲਾਤਾਂ ਅਤੇ ਜ਼ਰੂਰਤਾਂ ਦੇ ਅਧਾਰ 'ਤੇ ਇਹ ਕ੍ਰਮ ਅਤੇ ਕਦਮ ਵੱਖੋ-ਵੱਖਰੇ ਹੋ ਸਕਦੇ ਹਨ।

## ਕੋਈ ਘਟਨਾ ਵਾਪਰਦੀ ਹੈ

ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨੂੰ ਚਾਹੀਦਾ ਹੈ ਕਿ:

- ਜਿੰਨੀ ਜਲਦੀ ਹੋ ਸਕੇ ਤੁਹਾਨੂੰ ਦੱਸੇ
- ਤੁਹਾਨੂੰ ਸੁਰੱਖਿਅਤ ਦੇਖਭਾਲ ਪ੍ਰਦਾਨ ਕਰੇ
- ਜੋ ਗਲਤ ਹੋਇਆ ਉਸ ਲਈ ਤੁਹਾਡੇ ਤੋਂ ਮੁਆਫ਼ੀ ਮੰਗੇ
- ਗਿਆਤ ਤੱਥਾਂ ਬਾਰੇ ਸਮਝਾਵੇ
- ਦੱਸੇ ਕਿ ਇਹ ਤੁਹਾਡੇ ਅਤੇ ਤੁਹਾਡੀ ਦੇਖਭਾਲ 'ਤੇ ਕਿਵੇਂ ਪ੍ਰਭਾਵ ਪਾਵੇਗਾ।

[ਤੁਹਾਡੇ ਨਾਲ ਸਹਿਮਤੀ ਬਣੇ ਅਨੁਸਾਰ, ਅਤੇ ਨੁਕਸਾਨ ਦੀ ਗੰਭੀਰਤਾ 'ਤੇ ਨਿਰਭਰ ਕਰਦਿਆਂ (ਜਿਵੇਂ ਕਿ ਕਿਸੇ ਮਾਮੂਲੀ ਘਟਨਾ ਲਈ) ਇਹ ਪ੍ਰਕਿਰਿਆ ਇੱਥੇ ਹੀ ਖਤਮ ਹੋ ਸਕਦੀ ਹੈ।]

## ਖੁੱਲ੍ਹੇ ਖੁਲਾਸੇ (Open disclosure) ਦੀ ਪ੍ਰਕਿਰਿਆ ਸ਼ੁਰੂ ਕਰਨਾ

ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨੂੰ ਚਾਹੀਦਾ ਹੈ ਕਿ:

- ਖੁੱਲ੍ਹੇ ਖੁਲਾਸੇ (Open disclosure) ਦੀ ਪ੍ਰਕਿਰਿਆ ਬਾਰੇ ਸਮਝਾਵੇ
- ਤੁਹਾਡੇ ਸਿਹਤ ਸੰਭਾਲ ਅਧਿਕਾਰਾਂ ਬਾਰੇ ਦੱਸੇ
- ਤੁਹਾਨੂੰ ਕੋਈ ਅਜਿਹਾ ਸੰਪਰਕ ਵਿਅਕਤੀ ਪ੍ਰਦਾਨ ਕਰੇ ਜਿਸ ਨਾਲ ਤੁਸੀਂ ਸਹਿਜ ਮਹਿਸੂਸ ਕਰਦੇ ਹੋ
- ਜਿੰਨੀ ਜਲਦੀ ਹੋ ਸਕੇ ਵਿਚਾਰ-ਵਟਾਂਦਰੇ ਕੀਤੇ ਜਾਣ ਦਾ ਪ੍ਰਬੰਧ ਕਰੇ, ਅਤੇ ਸਮੇਂ, ਸਥਾਨ ਅਤੇ ਕੌਣ ਹਾਜ਼ਰ ਹੋਵੇਗਾ 'ਤੇ ਸਹਿਮਤ ਹੋਵੇ।

## ਖੁੱਲ੍ਹਾ ਖੁਲਾਸਾ (Open disclosure) ਵਿਚਾਰ-ਵਟਾਂਦਰੇ

ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨੂੰ ਚਾਹੀਦਾ ਹੈ ਕਿ:

- ਜੋ ਵੀ ਗਲਤ ਹੋਇਆ ਉਸ ਲਈ ਤੁਹਾਡੇ ਤੋਂ ਮੁਆਫ਼ੀ ਮੰਗੇ
- ਗਿਆਤ ਤੱਥਾਂ ਬਾਰੇ ਸਮਝਾਵੇ
- ਤੁਹਾਡੇ ਤਜ਼ਰਬੇ ਨੂੰ ਸੁਣੇ
- ਦੱਸੇ ਕਿ ਜੋ ਗਲਤ ਹੋਇਆ ਉਹ ਤੁਹਾਨੂੰ ਅਤੇ ਤੁਹਾਡੀ ਦੇਖਭਾਲ ਨੂੰ ਕਿਵੇਂ ਪ੍ਰਭਾਵਤ ਕਰ ਸਕਦਾ ਹੈ
- ਦੱਸੇ ਕਿ ਉਹ ਕਿਵੇਂ ਜਾਂਚ ਕਰ ਰਹੇ ਹਨ ਕਿ ਕੀ ਗਲਤ ਹੋਇਆ ਹੈ
- ਇਸ ਨੂੰ ਦੁਬਾਰਾ ਵਾਪਰਨ ਤੋਂ ਰੋਕਣ ਲਈ ਉਨ੍ਹਾਂ ਦੁਆਰਾ ਚੁੱਕੇ ਜਾ ਰਹੇ ਕਦਮਾਂ ਬਾਰੇ ਦੱਸੇ
- ਨਿਰੰਤਰ ਦੇਖਭਾਲ ਯੋਜਨਾ 'ਤੇ ਸਹਿਮਤ ਹੋਵੇ
- ਖੁੱਲ੍ਹਾ ਖੁਲਾਸਾ (Open disclosure) ਯੋਜਨਾ ਅਤੇ ਤੁਸੀਂ ਭਵਿੱਖ ਵਿੱਚ ਹੋਣ ਵਾਲੇ ਵਿਚਾਰ ਵਟਾਂਦਰੇ ਤੋਂ ਕੀ ਨਤੀਜਾ ਪ੍ਰਾਪਤ ਕਰਨਾ ਚਾਹੁੰਦੇ ਹੋ, 'ਤੇ ਸਹਿਮਤ ਹੋਵੇ।

## ਹੋ ਚੁੱਕੇ ਵਿਚਾਰ-ਵਟਾਂਦਰੇ ਅਨੁਸਾਰ ਅਗਲੇਰੀ ਕਾਰਵਾਈ ਕਰੇ

ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨੂੰ ਚਾਹੀਦਾ ਹੈ ਕਿ:

- ਕਿਸੇ ਵੀ ਹੋਰ ਕੀਤੀ ਗਈ ਅਗਲੇਰੀ ਜਾਂਚ-ਪੜਤਾਲ ਬਾਰੇ ਅਪਡੇਟ ਪ੍ਰਦਾਨ ਕਰੇ
- ਕੀਤੇ ਗਏ ਸਿਹਤ ਸੰਭਾਲ ਸੁਧਾਰਾਂ ਬਾਰੇ ਫੀਡਬੈਕ ਪ੍ਰਦਾਨ ਕਰੇ।

## ਖੁੱਲ੍ਹੇ ਖੁਲਾਸੇ (Open disclosure) ਦੀ ਪ੍ਰਕਿਰਿਆ ਨੂੰ ਪੂਰਾ ਕਰੇ

ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨੂੰ ਚਾਹੀਦਾ ਹੈ ਕਿ:

- ਪੁੱਛੇ ਕਿ ਕੀ ਤੁਹਾਡੀਆਂ ਜ਼ਰੂਰਤਾਂ ਪੂਰੀਆਂ ਹੋਈਆਂ ਹਨ
- ਤੁਹਾਨੂੰ ਤੁਹਾਡੇ ਨਾਲ ਹੋਏ ਵਿਚਾਰ-ਵਟਾਂਦਰੇ ਬਾਰੇ ਦਸਤਾਵੇਜ਼, ਫੀਡਬੈਕ ਦੇਣ ਦਾ ਮੌਕਾ ਅਤੇ ਤੁਹਾਨੂੰ ਫਾਲੋ-ਅੱਪ (ਪੁੱਛ-ਗਿੱਛ) ਕਰਨ ਲਈ ਵਿਕਲਪ ਪ੍ਰਦਾਨ ਕਰੇ
- ਤੁਹਾਨੂੰ ਦੱਸੇ ਕਿ ਜੇ ਤੁਹਾਡੀਆਂ ਜ਼ਰੂਰਤਾਂ ਪੂਰੀਆਂ ਨਹੀਂ ਹੋਈਆਂ ਹਨ ਤਾਂ ਤੁਸੀਂ ਸ਼ਿਕਾਇਤ ਕਰ ਸਕਦੇ ਹੋ।



### ਇਸ ਸਾਰੀ ਪ੍ਰਕਿਰਿਆ ਦੌਰਾਨ ਤੁਸੀਂ ਇਹ ਉਮੀਦ ਕਰ ਸਕਦੇ ਹੋ:

**ਖੁੱਲ੍ਹਾ ਅਤੇ ਇਮਾਨਦਾਰ ਸੰਚਾਰ ਹੋਣ ਦੀ**

**ਹਮਦਰਦੀ, ਆਦਰ ਅਤੇ ਵਿਚਾਰਨ ਯੋਗ ਢੰਗ ਨਾਲ ਵਿਹਾਰ ਕੀਤਾ ਜਾਵੇ**

**ਤੁਹਾਡੀ ਗੱਲ ਨੂੰ ਸੁਣਿਆ ਜਾਵੇ**

**ਉਹ ਸਹਾਇਤਾ ਪ੍ਰਾਪਤ ਹੋਵੇ ਜਿਸਦੀ ਤੁਹਾਨੂੰ ਜ਼ਰੂਰਤ ਹੈ**

**ਆਪਣੇ ਪ੍ਰਸ਼ਨਾਂ ਦੇ ਉੱਤਰ ਪ੍ਰਾਪਤ ਕਰੋ**

AUSTRALIAN COMMISSION ON SAFETY AND QUALITY IN HEALTH CARE

## ਤੁਸੀਂ ਖੁੱਲ੍ਹੇ ਖੁਲਾਸੇ (Open disclosure) ਬਾਰੇ ਵਿਚਾਰ-ਵਟਾਂਦਰੇ ਲਈ ਕਿਵੇਂ ਤਿਆਰੀ ਕਰ ਸਕਦੇ ਹੋ?

ਇਹ ਲਿਖਣਾ ਮੱਦਦਗਾਰ ਹੋ ਸਕਦਾ ਹੈ:

- ਘਟਨਾਵਾਂ ਦੀ ਤੁਹਾਡੀ ਸਮਾਂ-ਰੇਖਾ
- ਇਨ੍ਹਾਂ ਦੇ ਸੰਬੰਧ ਵਿੱਚ ਤੁਹਾਡੇ ਪ੍ਰਸ਼ਨ ਅਤੇ ਚਿੰਤਾਵਾਂ:
  - ਕੀ ਗਲਤ ਹੋਇਆ
  - ਇਹ ਕਿਵੇਂ ਹੋਇਆ
  - ਇਹ ਤੁਹਾਨੂੰ ਅਤੇ ਤੁਹਾਡੀ ਦੇਖਭਾਲ ਨੂੰ ਕਿਵੇਂ ਪ੍ਰਭਾਵਤ ਕਰ ਸਕਦਾ ਹੈ
- ਕੋਈ ਵੀ ਹੋਰ ਚੀਜ਼ ਜਿਸ ਬਾਰੇ ਤੁਸੀਂ ਖੁੱਲ੍ਹੇ ਖੁਲਾਸੇ (Open disclosure) ਦੀ ਚਰਚਾ ਦੌਰਾਨ ਗੱਲ ਕਰਨਾ ਚਾਹੋਗੇ।

ਸੋਚਣ ਲਈ ਕੁੱਝ ਹੋਰ ਗੱਲਾਂ ਇਹ ਹਨ:

- ਇਸ ਵਿਚਾਰ-ਵਟਾਂਦਰੇ ਦੌਰਾਨ ਸਹਾਇਤਾ ਲਈ ਤੁਸੀਂ ਆਪਣੇ ਨਾਲ ਕੌਣ ਚਾਹੁੰਦੇ ਹੋ
- ਸਿਹਤ ਸੇਵਾ ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਕਿਵੇਂ ਮੱਦਦ ਕਰ ਸਕਦੀ ਹੈ
- ਜੇ ਤੁਸੀਂ ਆਪਣੀ ਸਿਹਤ ਸੰਭਾਲ ਬਾਰੇ ਦੂਜੀ ਰਾਏ ਲੈਣਾ ਚਾਹੁੰਦੇ ਹੋ।

## ਉਦੋਂ ਕੀ ਜੇ ਖੁੱਲ੍ਹਾ ਖੁਲਾਸਾ (Open disclosure) ਪ੍ਰਕਿਰਿਆ ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕਰਦੀ ਹੈ?

ਸ਼ਿਕਾਇਤ ਪ੍ਰਕਿਰਿਆ, ਖੁੱਲ੍ਹਾ ਖੁਲਾਸਾ (Open disclosure) ਤੋਂ **ਵੱਖਰੀ ਪ੍ਰਕਿਰਿਆ** ਹੈ। ਜੇ ਖੁੱਲ੍ਹਾ ਖੁਲਾਸਾ (Open disclosure) ਪ੍ਰਕਿਰਿਆ ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕਰਦੀ ਤਾਂ ਤੁਸੀਂ ਇਹ ਕਰ ਸਕਦੇ ਹੋ:

- ਆਪਣੇ ਸਿਹਤ ਸੰਭਾਲ ਪ੍ਰਦਾਤਾ ਜਾਂ ਸਿਹਤ ਸੇਵਾ ਦੇ ਸੀਨੀਅਰ ਪ੍ਰਬੰਧਨ ਅਧਿਕਾਰੀ ਜਿਵੇਂ ਕਿ ਪ੍ਰੈਕਟਿਸ ਮੈਨੇਜਰ ਜਾਂ ਸਰਵਿਸ ਮੈਨੇਜਰ ਨਾਲ ਆਪਣੀਆਂ ਚਿੰਤਾਵਾਂ ਬਾਰੇ ਚਰਚਾ ਕਰੋ
- ਸਿਹਤ ਸੇਵਾ ਫੀਡਬੈਕ ਅਤੇ ਸ਼ਿਕਾਇਤ ਪ੍ਰਣਾਲੀ ਰਾਹੀਂ ਸ਼ਿਕਾਇਤ ਕਰੋ। ਕੁਝ ਸਿਹਤ ਸੇਵਾਵਾਂ ਵਿੱਚ ਇੱਕ ਸ਼ਿਕਾਇਤ ਅਧਿਕਾਰੀ ਹੋਵੇਗਾ ਜਿਸ ਨਾਲ ਤੁਸੀਂ ਗੱਲ ਕਰ ਸਕਦੇ ਹੋ
- ਜੇ ਤੁਸੀਂ ਆਪਣੀ ਸਿਹਤ ਸੇਵਾ ਨਾਲ ਗੱਲ ਕਰਨ ਵਿੱਚ ਅਸਮਰੱਥ ਮਹਿਸੂਸ ਕਰਦੇ ਹੋ, ਜਾਂ ਜੇ ਤੁਸੀਂ ਉਨ੍ਹਾਂ ਦੇ ਜਵਾਬ ਤੋਂ ਸੰਤੁਸ਼ਟ ਨਹੀਂ ਹੋ ਤਾਂ ਆਪਣੀ ਰਾਜ ਜਾਂ ਪ੍ਰਦੇਸ਼ ਸਿਹਤ ਸੰਭਾਲ ਸ਼ਿਕਾਇਤਾਂ ਏਜੰਸੀ ਜਾਂ ਸਿਹਤ ਵਿਭਾਗ ਨਾਲ ਸੰਪਰਕ ਕਰੋ
- ਤੁਹਾਡੇ ਦੁਆਰਾ ਝੱਲੇ ਗਏ ਨੁਕਸਾਨ ਬਾਰੇ ਕਿਸੇ ਵਕੀਲ ਨਾਲ ਗੱਲ ਕਰੋ।

## ਤੁਸੀਂ ਖੁੱਲ੍ਹੇ ਖੁਲਾਸੇ (Open disclosure) ਬਾਰੇ ਹੋਰ ਕਿਵੇਂ ਜਾਣ ਸਕਦੇ ਹੋ?

ਜੇ ਤੁਸੀਂ ਖੁੱਲ੍ਹੇ ਖੁਲਾਸੇ (Open disclosure) ਬਾਰੇ ਹੋਰ ਜਾਣਨਾ ਚਾਹੁੰਦੇ ਹੋ, ਤਾਂ ਹੇਠਾਂ ਦਿੱਤੇ ਸਰੋਤ ਮੱਦਦਗਾਰ ਹੋ ਸਕਦੇ ਹਨ:

- ਉਨ੍ਹਾਂ ਚੀਜ਼ਾਂ ਦਾ ਖੁੱਲ੍ਹਾ ਖੁਲਾਸਾ (Open disclosure) ਜੋ ਯੋਜਨਾ ਅਨੁਸਾਰ ਨਹੀਂ ਹੁੰਦੀਆਂ ਹਨ, ਮਰੀਜ਼ਾਂ ਲਈ ਖੁੱਲ੍ਹਾ ਖੁਲਾਸਾ ਪ੍ਰਕਿਰਿਆ ਸ਼ੁਰੂ ਕਰਨ ਵਾਲਾ ਕਿਤਾਬਚਾ: **www.safetyandquality.gov.au/OD-booklet**
- Australian Open Disclosure Framework (ਆਸਟ੍ਰੇਲੀਅਨ ਖੁੱਲ੍ਹਾ ਖੁਲਾਸਾ ਫਰੇਮਵਰਕ): **www.safetyandquality.gov.au/AODF**

## ਪ੍ਰਸ਼ਨ?

ਖੁੱਲ੍ਹੇ ਖੁਲਾਸੇ (Open disclosure) ਬਾਰੇ ਅਕਸਰ ਪੁੱਛੇ ਜਾਂਦੇ ਪ੍ਰਸ਼ਨਾਂ (FAQs) ਤੱਕ ਪਹੁੰਚਣ ਲਈ ਇਸ QR ਕੋਡ ਨੂੰ ਸਕੈਨ ਕਰੋ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਵੇਖੋ: **www.safetyandquality.gov.au/open-disclosure**

## ਆਪਣੀ ਸਹਿਤ ਸਹੂਲਤ ਸੇਵਾ ਦੇ ਸੰਪਰਕ ਵੇਰਵੇ ਇੱਥੇ ਲਿਖੋ:

| | | | |
|---|---|---|---|
| ਨਾਮ: | | | |
| ਅਹੁਦਾ: | | | |
| ਫ਼ੋਨ: | | ਹੋਰ ਸਹਾਇਤਾ ਫ਼ੋਨ: | |

safetyandquality.gov.au

© ਆਸਟ੍ਰੇਲੀਅਨ ਕਮਿਸ਼ਨ ਆਨ ਸੇਫ਼ਟੀ ਐਂਡ ਕੁਆਲਿਟੀ ਇਨ ਹੈਲਥ ਕੇਅਰ 2021